HOUSE OF ASPIRANTS
houseofaspirants.in

ਭਾਗ A

ਬਾਲ ਵਿਕਾਸ ਅਤੇ ਸਿੱਖਿਆ ਸ਼ਾਸਤਰ (ਦੁਭਾਸ਼ੀ) (ਪ੍ਰਸ਼ਨ ਨੰ. : 1 – 30)

1. 'ਸੰਕਲਪ' (concept) ਕਿਸਨੂੰ ਦਰਸਾਉਂਦਾ ਹੈ ?
(A) ਵੱਖਰੀਆ ਵਿਸ਼ੇਸ਼ਤਾਵਾਂ ਵਾਲੀਆਂ ਪ੍ਰਤਿਕ੍ਰਿਆਵਾਂ ਦੀ ਸ਼੍ਰੇਣੀ
(B) ਅਸਧਾਰਨ ਵਿਸ਼ੇਸ਼ਤਾਵਾਂ ਵਾਲੀਆਂ ਪ੍ਰਤਿਕ੍ਰਿਆਵਾਂ ਦੀ ਸ਼੍ਰੇਣੀ
(C) ਅਸਧਾਰਨ ਵਿਸ਼ੇਸ਼ਤਾਵਾਂ ਵਾਲੀਆਂ ਉਤੇਜਿਕ ਕ੍ਰਿਰਿਆਵਾਂ ਦੀ ਸ਼੍ਰੇਣੀ
(D) ਇਕੋ ਜਿਹੀ ਵਿਸ਼ੇਸ਼ਤਾਵਾਂ ਵਾਲੀਆਂ ਉਤੇਜਿਕ ਕ੍ਰਿਰਿਆਵਾ ਦੀ ਸ਼੍ਰੇਣੀ

2. ਸੇਫਲੋਕਾਡਲ (Cephalocaudal) ਵਿਕਾਸ ਦਾ ਮਤਲਬ ਹੈ :
(A) ਖਾਸ ਤੋ ਆਮ ।
(B) ਇਕਸਾਰ ਵਿਕਾਸ ਨਹੀਂ ।
(C) ਵਾਧਾ ਸਿਰ ਤੋਂ ਹੇਠਾਂ ਵੱਲ ਹੁੰਦਾ ਹੈ ।
(D) ਵਿਕਾਸ ਇੱਕ ਨਿਰੰਤਰ ਪ੍ਰਕਿਰਿਆ ਹੈ ।

3. ਕਿਹੜੀ ਅਲੰਕਾਰਿਕ ਗਿਆਨ (meta-cognitive) ਦੀ ਕਿਸਮ **ਨਹੀਂ** ਹੈ ?
(A) ਪ੍ਰਕਿਰਿਆ ਸੰਬੰਧੀ (Procedural) ਗਿਆਨ
(B) ਮੁਲਾਂਕਣ ਸੰਬੰਧੀ (Evaluative) ਗਿਆਨ
(C) ਸ਼ਰਤ ਵਾਲਾ (Conditional) ਗਿਆਨ
(D) ਘੋਸ਼ਣਾਨਤਮਕ (Declarative) ਗਿਆਨ

4. ਸਿਰਜਣਾਤਮਕ ਸੋਚ (Creative thinking) ਦੇ ਚਾਰ ਪੜਾਅ ਹਨ :
(A) (i) ਤਿਆਰੀ (ii) ਪ੍ਰਫੁਲਤ (iii) ਉਦਾਹਰਨ (iv) ਤਸਦੀਕ
(B) (i) ਤਿਆਰੀ (ii) ਅਨੁਭੂਤੀ (iii) ਪ੍ਰਕਾਸ਼ (iv) ਤਸਦੀਕ
(C) (i) ਤਿਆਰੀ (ii) ਸ਼ਮੂਲੀਅਤ (iii) ਪ੍ਰਕਾਸ਼ (iv) ਤਸਦੀਕ
(D) (i) ਤਿਆਰੀ (ii) ਪ੍ਰਫੁਲਤ (iii) ਪ੍ਰਕਾਸ਼ (iv) ਤਸਦੀਕ

5. ਕੇਂਦਰਮੁਖੀ ਸੋਚ (Convergent thinking) ਦਾ ਸਮਾਨਾਰਥਕ ਹੈ :
(A) ਸਿਰਜਣਾਤਮਿਕਤਾ (Creativity)
(B) ਲਾਭਕਾਰੀ ਸੋਚ (Productive thinking)
(C) ਬੁੱਧੀ (Intelligence)
(D) ਪ੍ਰਜਨਣ ਸੋਚ (Reproducing thinking)

House of Aspirants | houseofaspirants.in

HOUSE OF ASPIRANTS
houseofaspirants.in

6. ਇੱਕ ਵਿਅਕਤੀ ਜਿਸਦੀ ਇੱਕ 'ਵਿਸ਼ੇਸ ਸਿੱਖਣ ਦੀ ਅਯੋਗਤਾ' ਹੈ :

(A) ਉਸ ਦੀਆਂ ਇੱਕ ਜਾਂ ਵਧੇਰੇ ਬੁਨਿਆਦੀ ਮਨੋਵਿਗਿਆਨਿਕ ਪ੍ਰਕ੍ਰਿਆਵਾਂ ਵਿੱਚ ਵਿਗਾੜ ਹੈ ।

(B) ਉਸ ਨੂੰ ਸਿੱਖਣ ਵਿੱਚ ਮੁਸ਼ਕਿਲ ਹੈ ।

(C) ਉਸ ਦੀ ਸਮੱਸਿਆ ਦੇਖਣ ਅਤੇ ਸੁਨਣ ਦੀ ਅਪੰਗਤਾ ਕਰਕੇ ਨਹੀਂ ਹੈ ।

(D) ਉਪਰੋਕਤ ਸਾਰੇ ।

7. "ਵਿਅਕਤੀ ਨੂੰ ਸਵੈ-ਵਾਸਤਵਿਕਤਾ ਦੀਆਂ ਜਰੂਰਤਾਂ ਨੂੰ ਪੂਰਾ ਕਰਨ ਲਈ ਪ੍ਰੇਰਿਤ ਕਰਨ ਲਈ ਲੋੜਾਂ ਦੀ ਘਾਟ ਨੂੰ ਪਹਿਲਾ ਸੰਤੁਸ਼ਟ ਕਰਨ ਦੀ ਜਰੂਰਤ ਹੈ ।" ਇਹ ਕੋਣ ਕਹਿੰਦਾ ਹੈ ?

(A) ਪਿਆਜੇ
(B) ਆਲਪੋਰਟ
(C) ਮੈਸਲੋ
(D) ਬਰੂਨਰ

8. Vygotsky ਦੇ ਸਿਧਾਂਤ ਅਨੁਸਾਰ ਸਕੈਫੋਲਿਡਿੰਗ ਦਾ ਉਦੇਸ਼ ਕੀ ਹੈ ?

(A) ਅਧਿਆਪਕਾਂ ਨੂੰ ਸਵੈ-ਅਧਿਐਨ ਦੁਆਰਾ ਗਿਆਨ ਤੇ ਹੁਨਰ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨਾ ।

(B) ਅਧਿਆਪਕਾਂ ਨੂੰ ਆਨਲਾਇਨ ਅਧਿਐਨ ਦੁਆਰਾ ਗਿਆਨ ਤੇ ਹੁਨਰ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨਾ ।

(C) ਵਿਦਿਆਰਥੀਆਂ ਨੂੰ ਉਹ ਗਿਆਨ ਅਤੇ ਹੁਨਰ ਹਾਸਿਲ ਕਰਨ ਵਿੱਚ ਸਹਾਇਤਾ ਕਰਨਾ ਹੈ ਜੋ ਉਹ ਅਪਣੇ ਆਪ ਸਿੱਖਦੇ ਹਨ ।

(D) ਵਿਦਿਆਰਥੀਆਂ ਨੂੰ ਗਿਆਨ ਤੇ ਹੁਨਰ ਹਾਸਿਲ ਕਰਨ ਵਿੱਚ ਸਹਾਇਤਾ ਕਰਨਾ ਹੈ ਜੋ ਉਹ ਅਪਣੇ ਆਪ ਨਹੀਂ ਸਿੱਖਦੇ ।

9. ਗਾਰਡਨਰ ਦੀ ਅੰਤਰ-ਵਿਅਕਤੀਗਤ ਬੁੱਧੀ ਹੈ :

(A) ਤਰਕ ਦੀਆ ਲੰਮੀਆਂ ਲੜੀਆਂ ਨੂੰ ਸੰਭਾਲਣ ਦੀ ਯੋਗਤਾ ।

(B) ਕਿਸੇ ਦੀ ਸਰੀਰਕ ਗਤੀ ਨੂੰ ਨਿਯੰਤਰਿਤ ਕਰਨ ਦੀ ਯੋਗਤਾ ।

(C) ਹੋਰ ਲੋਕਾਂ ਦੀਆ ਪ੍ਰੇਰਣਾਵਾਂ ਅਤੇ ਇੱਛਾਵਾ ਦਾ ਢੁਕਵਾਂ ਜਵਾਬ ਦੇਣ ਦੀ ਯੋਗਤਾ ।

(D) ਆਪਣੀ ਤਾਕਤ, ਕਮਜ਼ੋਰੀਆਂ, ਇੱਛਾਵਾਂ ਅਤੇ ਬੁੱਧੀ ਨੂੰ ਜਾਨਣ ਦੀ ਯੋਗਤਾ ।

10. 'ਲਿੰਗ-ਪੱਖਪਾਤ' (Gender Bias) ਤੋਂ ਭਾਵ ਹੈ :

(A) ਤਕਨਾਲੋਜੀ ਨੂੰ ਵਰਤਣ ਵਿੱਚ ਲੜਕੇ ਅਤੇ ਲੜਕੀਆਂ ਨਾਲ ਬਰਾਬਰ ਦਾ ਵਿਵਹਾਰ ਕਰਨਾ ।

(B) ਢੁਕਵੇਂ ਵਿੱਦਿਅਕ ਕਾਰਣ ਤੋਂ ਬਗੈਰ ਲੜਕੇ ਅਤੇ ਲੜਕੀਆਂ ਨਾਲ ਵੱਖਰਾ ਵਿਵਹਾਰ ਕਰਨਾ ।

(C) ਢੁਕਵੇਂ ਵਿੱਦਿਅਕ ਕਾਰਣ ਕਰਕੇ ਲੜਕੇ ਅਤੇ ਲੜਕੀਆਂ ਨਾਲ ਵੱਖਰਾ ਵਿਵਹਾਰ ਕਰਨਾ ।

(D) ਸਾਰੇ ਵਿੱਦਿਅਕ ਮਾਮਲਿਆਂ ਵਿੱਚ ਲੜਕੇ ਅਤੇ ਲੜਕੀਆਂ ਨਾਲ ਬਰਾਬਰ ਵਿਵਹਾਰ ਕਰਨਾ ।

houseofaspirants.in

HOUSE OF ASPIRANTS
houseofaspirants.in

11. ਪ੍ਰਤਿਭਾਸ਼ਾਲੀ ਵਿਦਿਆਰਥੀ, ਗੈਰ ਪ੍ਰਤਿਭਾਸ਼ਾਲੀ ਸਹਿਪਾਠੀਆ ਨਾਲੋ ਵੱਖਰੇ ਹਨ :

(A) ਇਨਕੋਡਿੰਗ ਜਾਣਕਾਰੀ ਵਿੱਚ ਹੌਲੀ ਹਨ
(B) ਅਮੂਰਤ ਵਿਚਾਰਾਂ ਨੂੰ ਵਧੇਰੇ ਤੇਜ਼ੀ ਨਾਲ ਜੋੜਣ ਵਿੱਚ
(C) ਘੱਟ ਪੱਧਰ ਦੀ ਪ੍ਰੇਰਣਾ ਦਾ ਪ੍ਰਦਰਸ਼ਨ ਕਰਦੇ ਹਨ
(D) ਘੱਟ ਸਵੈ-ਪ੍ਰਭਾਵਸ਼ੀਲਤਾ ਰੱਖਦੇ ਹਨ

12. ਹੇਠ ਲਿਖਿਆ ਵਿਚੋਂ ਕਿਹੜਾ ਸਿਧਾਂਤ ਯੂਨੀਵਰਸਲ ਡਿਜਾਇਨ ਆਫ ਲਰਨਿੰਗ ਦਾ **ਨਹੀਂ** ਹੈ ?

(A) ਸਿੱਖਣਾ ਕੀ ਹੈ
(B) ਸਿੱਖਣ ਦਾ ਤਰੀਕਾ
(C) ਸਿੱਖਣਾ ਕਦੋ ਹੈ
(D) ਸਿੱਖਣ ਦਾ ਕਾਰਨ

13. 'Minority' ਸ਼ਬਦ ਕਿਸ ਭਾਸ਼ਾਈ ਸ੍ਰੋਤ ਤੋਂ ਲਿਆ ਗਿਆ ਹੈ ?

(A) ਯੂਨਾਨੀ
(B) ਲਾਤੀਨੀ
(C) ਵਿਗਿਆਨਿਕ
(D) ਮਨੋਵਿਗਿਆਨਿਕ

14. 'ਝਮਕ ਕੁਮਾਰੀ ਘਿਮਿਰੇ' ਦਾ ਜਨਮ ਸੇਰੇਬ੍ਰਲ ਪੈਲਸੀ ਨਾਲ ਹੋਇਆ ਸੀ । ਉਸਨੂੰ ਉਸਦੇ ਕਿਸ ਯੋਗਦਾਨ ਲਈ ਜਾਣਿਆ ਜਾਂਦਾ ਹੈ ?

(A) ਸਾਹਿਤ (B) ਵਿਗਿਆਨ (C) ਭੂਗੋਲ (D) ਗਣਿਤ

15. ਇਕ ਅਧਿਆਪਕ ਪੂਰੀ ਕਲਾਸ ਨੂੰ ਇਹ ਪ੍ਰਸ਼ਨ ਪੁੱਛਦਾ ਹੈ ਕਿ ਪਿਕਨਿਕ ਦੌਰਾਨ ਕਿਹੜਾ ਵਿਦਿਆਰਥੀ ਕਿਸ ਨਾਲ ਬੈਠਣਾ ਚਾਹੁੰਦਾ ਹੈ ਅਤੇ ਉਸਤੋਂ ਬਾਅਦ ਜਵਾਬ ਇੱਕਠੇ ਕਰਦਾ ਹੈ ਅਤੇ ਵਿਦਿਆਰਥੀਆਂ ਦੀਆਂ ਤਰਜੀਹਾਂ ਦਾ ਵਿਸ਼ਲੇਸ਼ਨ ਕਰਦਾ ਹੈ । ਇਸਤੋਂ ਅਧਿਆਪਕ ਨੂੰ ਸਭ ਤੋਂ ਵੱਧ ਹਰਮਨ ਪਿਆਰੇ ਅਤੇ ਸਭ ਤੋਂ ਘੱਟ ਹਰਮਨ ਪਿਆਰੇ ਵਿਦਿਆਰਥੀਆਂ ਦਾ ਪਤਾ ਲਗਦਾ ਹੈ । ਇਸ ਵਿਧੀ ਨੂੰ ਕੀ ਕਿਹਾ ਜਾਂਦਾ ਹੈ ?

(A) ਸਮਾਜਿਕ ਗਤੀਸ਼ੀਲਤਾ
(B) ਸੋਸ਼ਿਉਗਰਾਫ਼ੀ
(C) ਸੋਸ਼ਿਉਮਿਟਰੀ
(D) ਗਰੁੱਪ ਗਤੀਸ਼ੀਲਤਾ

16. ਸੰਮਲਿਤ ਸਿੱਖਿਆ ਸ਼ਬਦ ਪਹਿਲੀ ਵਾਰ ਕਿੱਥੇ ਵਰਤਿਆ ਗਿਆ ਸੀ ?

(A) ਸਰਵ ਸਿੱਖਿਆ ਅਭਿਆਨ, 2000
(B) ਸੈਕੰਡਰੀ ਪੜਾਅ ਤੇ ਅਸਮਰੱਥ ਬੱਚਿਆਂ (disabled) ਲਈ ਸਮਾਵੇਸ਼ੀ ਸਿੱਖਿਆ ਦੀ ਯੋਜਨਾ, 2009
(C) ਰਾਸ਼ਟਰੀ ਪਾਠਕ੍ਰਮ ਦਾ ਢਾਂਚਾ, 2005
(D) ਸਾਲਾਮਾਂਕਾਂ ਸਟੇਟਮੈਂਟ ਅਤੇ ਕਾਰਵਾਈ ਦਾ ਢਾਂਚਾ, 1994

17. ਨਿਰੰਤਰ ਅਤੇ ਵਿਆਪਕ ਮੁਲਾਂਕਣ (ਸੀ.ਸੀ.ਈ.) ਦਾ ਉਦੇਸ਼ ਹੈ :

(A) ਬੱਚੇ ਦੀ ਸਮੁੱਚੀ ਕਾਰਗੁਜ਼ਾਰੀ ਵਿੱਚ ਸੁਧਾਰ ਕਰਨਾ
(B) ਬੱਚੇ ਦੀ ਬੌਧਿਕ ਕਾਰਗੁਜ਼ਾਰੀ ਵਿੱਚ ਸੁਧਾਰ ਕਰਨਾ
(C) ਬੱਚੇ ਦੀ ਸਮਾਜਿਕ ਕਾਰਗੁਜ਼ਾਰੀ ਵਿੱਚ ਸੁਧਾਰ ਕਰਨਾ
(D) ਬੱਚੇ ਦੀ ਸਰੀਰਕ ਕਾਰਗੁਜ਼ਾਰੀ ਵਿੱਚ ਸੁਧਾਰ ਕਰਨਾ

houseofaspirants.in

HOUSE OF ASPIRANTS
houseofaspirants.in

18. ਸੰਮਲਿਤ ਸਥਾਪਨਾ ਤੋਂ ਕੀ ਭਾਵ ਹੈ ?

(A) ਵਿਸ਼ੇਸ਼ ਸਕੂਲਾ ਵਿੱਚ CWSN

(B) ਨਿਯਮਤ ਸਕੂਲਾਂ ਵਿੱਚ ਤਤਪਰਤਾ ਦੇ ਆਧਾਰ ਤੇ ਕੁਝ CWSN

(C) ਨਿਯਮਤ ਸਕੂਲਾਂ ਵਿੱਚ ਬਿਨਾਂ-ਅਪੰਗਤਾ ਵਾਲੇ ਬੱਚਿਆਂ ਸੰਮੇਤ ਸਾਰੇ CWSN

(D) ਨਿਯਮਤ ਸਕੂਲਾਂ ਵਿੱਚ ਬਿਨਾਂ ਡਿਸੀਬਿਲਟੀਜ਼ ਵਾਲੇ ਬੱਚੇ

19. ਇਮਪੇਅਰਮੈਂਟ (ਕਮਜ਼ੋਰੀ) ਦਾ ਪੱਧਰ ਹੈ :

(A) ਕਾਰਜ਼ਸ਼ੀਲ ਪੱਧਰ

(B) ਅੰਗ ਦਾ ਪੱਧਰ

(C) ਦੋਵੇਂ ਕਾਰਜ਼ਸ਼ੀਲ ਅਤੇ ਅੰਗ ਦਾ ਪੱਧਰ

(D) ਨਾਂ ਤਾਂ ਕਾਰਜ਼ਸ਼ੀਲ ਅਤੇ ਨਾਂ ਹੀ ਅੰਗ ਦੇ ਪੱਧਰ ਤੇ

20. ਡਿਸਕੈਲਕੂਲੀਆ ਇੱਕ ਅਜਿਹੀ ਸਥਿਤੀ ਹੈ ਜੋ _____ ਨੇੜਿਉ ਜੁੜਿਆ ਹੋਇਆ ਹੈ ।

(A) ਬੋਲਣ ਦੀ ਸਮੱਸਿਆ ਨਾਲ

(B) ਪੜ੍ਹਣ ਦੀ ਸਮੱਸਿਆ ਨਾਲ

(C) ਲਿਖਤ ਦੀ ਸਮੱਸਿਆ ਨਾਲ

(D) ਸੰਖਿਆਵਾਂ ਦੀ ਗਣਨਾ ਦੀ ਸਮੱਸਿਆ ਨਾਲ

21. ਪਿਆਜੇ ਦਾ ਵਿਕਾਸ ਮਨੋਵਿਗਿਆਨ ਕਿਸ ਨਾਲ ਸਬੰਧਤ ਹੈ ?

(A) ਸਮਾਜਿਕ ਵਿਕਾਸ

(B) ਬੋਧਾਤਮਕ ਵਿਕਾਸ

(C) ਭਾਵਨਾਤਮਕ ਵਿਕਾਸ

(D) ਨੈਤਿਕ ਵਿਕਾਸ

22. ਪਿਆਜੇ ਦੀ ਬੌਧਿਕ ਵਿਕਾਸ ਦੇ ਸਿਧਾਂਤ ਅਨੁਸਾਰ 'ਸਕੀਮਾ' (Schema) ਕਿਸ ਤਰ੍ਹਾ ਪਰਿਭਾਸ਼ਿਤ ਕੀਤਾ ਗਿਆ ਹੈ ?

(A) ਕਿਸੇ ਦੀ ਬੋਧਾਤਮਕ ਬਣਤਰ ਦੀ ਬੁਨਿਆਦੀ ਕਾਰਜ਼ਸ਼ੀਲ ਇਕਾਈ

(B) ਕਿਸੇ ਦੀ ਸਮਾਜਿਕ ਬਣਤਰ ਦੀ ਬੁਨਿਆਦੀ ਕਾਰਜ਼ਸ਼ੀਲ ਇਕਾਈ

(C) ਕਿਸੇ ਦੀ ਭਾਵਨਾਤਮਕ ਬਣਤਰ ਦੀ ਬੁਨਿਆਦੀ ਕਾਰਜ਼ਸ਼ੀਲ ਇਕਾਈ

(D) ਕਿਸੇ ਦੀ ਆਰਥਿਕ ਬਣਤਰ ਦੀ ਬੁਨਿਆਦੀ ਕਾਰਜ਼ਸ਼ੀਲ ਇਕਾਈ

23. ਕੋਹਲਬਰਗ ਦੇ ਨੈਤਿਕ ਵਿਕਾਸ ਦੇ ਸਿਧਾਂਤ ਦੇ ਪੜਾਵਾਂ ਦੀ ਗਿਣਤੀ ਹੈ :

(A) ਪੰਜ (5) (B) ਚਾਰ (4) (C) ਛੇ (6) (D) ਤਿੰਨ (3)

24. ZPD ਤੋਂ ਭਾਵ ਹੈ :

(A) ਜ਼ੋਨ ਆਫ਼ ਸਾਈਕੋਲੋਜੀਕਲ (Psychological) ਵਿਕਾਸ

(B) ਜ਼ੋਨ ਆਫ਼ ਪੋਸਟੀਰੀਅਰ (Posterior) ਵਿਕਾਸ

(C) ਜ਼ੋਨ ਆਫ਼ ਪੈਰਾਲੱਲ (Parallel) ਵਿਕਾਸ

(D) ਜ਼ੋਨ ਆਫ਼ ਪਰਾਕਸੀਮੱਲ (Proximal) ਵਿਕਾਸ

House of Aspirants | houseofaspirants.in

HOUSE OF ASPIRANTS
houseofaspirants.in

25. ਮਨੁੱਖੀ ਵਾਧਾ (Human Growth) ਕਿਸ ਤਬਦੀਲੀ ਦਾ ਸੰਕੇਤ ਦਿੰਦਾ ਹੈ ?

(A) ਗਿਣਾਤਮਕ ਪਹਿਲੂ

(B) ਗੁਣਾਤਮਕ ਪਹਿਲੂ

(C) ਦੋਵੇ ਗਿਣਾਤਮਕ ਅਤੇ ਗੁਣਾਤਮਕ ਪਹਿਲੂ

(D) ਨਾਂ ਤਾਂ ਗਿਣਾਤਮਕ ਅਤੇ ਨਾਂ ਹੀ ਗੁਣਾਤਮਕ ਪਹਿਲੂ

26. ਬੱਚੇ ਦੀ ਮਨੋਲਿੰਗਕ (Psychosexual) ਵਿਕਾਸ ਦੀ ਥਿਊਰੀ ਕਿਸ ਦੁਆਰਾ ਦਿੱਤੀ ਗਈ ਹੈ ?

(A) ਪਿਆਜੇ

(B) ਅਰਿਕਸਨ

(C) ਫਰਾਇਡ

(D) ਕੋਹਲਬਰਗ

27. ਵਿਦਿਆਰਥੀਆਂ ਦੀ ਪ੍ਰਗਤੀ ਦੀ ਨਿਗਰਾਨੀ ਕਰਨ ਲਈ ਮੁਲਾਂਕਣ ਵਜੋਂ ਜਾਣਿਆ ਜਾਂਦਾ ਹੈ :

(A) ਸਿੱਖਣ ਲਈ ਮੁਲਾਂਕਣ

(B) ਸਿੱਖਣ ਦਾ ਮੁਲਾਂਕਣ

(C) ਸਿੱਖਣ ਤੋਂ ਮੁਲਾਂਕਣ

(D) ਸਿੱਖਣ ਤੇ ਮੁਲਾਂਕਣ

28. ਵੈਧ ਨਿਗਮਨੀ ਦਲੀਲ ਦਾ ਸਿੱਟਾ ਕੀ ਹੁੰਦਾ ਹੈ ?

(A) ਨਿਸਚਿਤ

(B) ਸੰਭਾਵੀ

(C) ਅਨੁਭਵ

(D) ਨਿਰੀਖਣ

29. ਉਮਰ ਦੇ ਵੱਧਣ ਕਾਰਨ ਸਰੀਰਕ, ਸਮਾਜਿਕ ਅਤੇ ਮਾਨਸਿਕ ਪੱਖਾਂ ਦੇ ਅਧਿਐਨ ਨੂੰ ਕੀ ਕਿਹਾ ਜਾਂਦਾ ਹੈ ?

(A) ਉਤੱਪਤੀ ਵਿਗਿਆਨ

(B) ਸੋਹਜਵਾਦ

(C) ਬਿਰਧ ਰੋਗ ਵਿਗਿਆਨ

(D) ਨਿਦਾਨਕ ਮਨੋਵਿਗਿਆਨ

30. 'ਥੋਰਨਡਾਇਕ' ਨੇ ਸਿੱਖਣ ਦੇ ਕਿਸ ਨਿਯਮ ਨੂੰ ਪੇਸ਼ **ਨਹੀਂ** ਕੀਤਾ ?

(A) ਲਾਅ ਆਫ਼ ਐਕਸਰਸਾਈਜ਼

(B) ਲਾਅ ਆਫ਼ ਇਮਿਡਿਏਟ ਰੀਕਾਲ

(C) ਲਾਅ ਆਫ਼ ਰੈਡੀਨਸ

(D) ਲਾਅ ਆਫ਼ ਇਫੈਕਟ

houseofaspirants.in

HOUSE OF ASPIRANTS
houseofaspirants.in

ਇਸ ਕਵਿਤਾ ਨੂੰ ਪੜ੍ਹੋ ਅਤੇ 31 ਤੋਂ 35 ਪ੍ਰਸ਼ਨਾਂ ਦੇ ਉੱਤਰ ਦਿਓ :

ਡੰਕਲ ਡੰਕਾ ਵੱਜਿਆ
ਜੁੜਿਆ ਕੁਲ ਸੰਸਾਰ
ਇੰਟਰਨੇਟ ਈ ਮੇਲ ਖੇਲ
ਦੂਰ ਦੂਰ ਸੰਚਾਰ
ਤੰਦਾਂ ਵਿੱਚ ਤਰੰਗਾਂ ਬੱਝੀਆਂ
ਆਗਾਸੀਂ ਸੰਸਾਰ
ਹਦਬਸਤਾਂ ਹੱਦਬੰਦੀਆਂ
ਰੁੜ੍ਹੀਆਂ ਇਸ ਮੰਝਧਾਰ
ਵੰਡੀ ਖਲਕਤ ਧਰਤ ਦੀ
ਮਿਲੀ ਆ ਗਗਨ ਦੁਆਰ
ਧਰਤ ਤਾਰਿਆਂ ਦਰਮਿਆਨ
ਤਰਦਾ ਇੱਕ ਸੰਸਾਰ
ਵਿਸ਼ਵ ਬਣਾਇਆ ਪਿੰਡ ਇੱਕ
ਇਸ ਸੰਚਾਰ ਦੀ ਤਾਰ
ਵਿਸ਼ਵ ਪਿੰਡ ਤਾਂ ਬਣ ਗਿਆ
ਬਣ ਪਾਊ ਪਰਿਵਾਰ ?
ਹਿੰਦ ਸਿੰਧ ਪੂਰਬ ਪੁਰਖਿਆਂ
ਦਾ ਸੀ ਤਾਂ ਇਹੋ ਵਿਚਾਰ
ਸਗਲ ਖੰਡ ਇੱਕ ਪਿੰਡ ਹੈ
ਲੋਕ ਨੇ ਇੱਕ ਪਰਿਵਾਰ
ਰਿਗ ਰਿਚਾਂ ਗੁਰ ਸੂਫ਼ੀਆਂ
ਬਾਣੀ ਦਾ ਤੱਤ ਸਾਰ
'ਵਸੁਧੈਵ ਕੁਟੰਬਕੰਮ'
ਨੇਹੁ ਮੋਹ ਅਤੇ ਪਿਆਰ
ਸਭੈ ਸਾਂਝੀਵਾਲਤਾ
ਕੋਈ ਨਾ ਦਿਸਦਾ ਬਾਹਰ
ਪਿੰਡ ਕੁਟੰਬ ਇੱਕ ਕੋੜਮਾਂ
ਸਾਂਝਾ ਸਾਕਾਚਾਰ
ਦੁੱਖ ਸੁੱਖ ਸਾਂਝੀਵਾਲਤਾ
ਹਰ ਜੀਅ ਹੋਵੇ ਸ਼ੁਮਾਰ
ਟੇਕ ਅਪਾਹਜ ਬਿਰਧ ਦੀ
ਪੈਜ ਨਿਮਨ ਦੀ ਸਾਰ
ਲਾਭ ਲੋਭ ਦੀ ਨੀਂਹ ਨਾ
ਗਰਬ ਤੇ ਨਾ ਹੰਕਾਰ
ਵਿਸ਼ਵ ਪਿੰਡ ਪਰਿਵਾਰ ਦੇ
ਇਹ ਤਾਂ ਨਹੀਂ ਅਧਾਰ

31. 'ਵਸੁਧੈਵ ਕੁਟੰਬਕੰਮ' ਦੇ ਫ਼ਲਸਫੇ ਦੇ ਅਨੁਸਾਰ ਵਿਸ਼ਵ ਦੀ ਕੀ ਵਿਸ਼ੇਸ਼ਤਾ ਹੈ ?

(A) ਮਨੁੱਖੀ ਸਾਂਝੀਵਾਲਤਾ 'ਤੇ ਆਧਾਰਿਤ ।

(B) ਲੋਕਾਂ ਦਰਮਿਆਨ ਪਰਿਵਾਰ ਵਰਗੀ ਸਾਂਝ 'ਤੇ ਆਧਾਰਿਤ ।

(C) ਨੇਹੁ, ਮੋਹ ਅਤੇ ਪਿਆਰ 'ਤੇ ਆਧਾਰਿਤ ।

(D) ਉਪਰੋਕਤ ਸਾਰੀਆਂ ਵਿਸ਼ੇਸ਼ਤਾਵਾਂ ।

32. ਕਵੀ ਅਨੁਸਾਰ ਅਜੋਕੇ ਵਿਸ਼ਵ ਪਿੰਡ ਦੇ ਕੀ ਆਧਾਰ ਹਨ ?

(A) ਬਿਰਧ ਦੀ ਪੈਜ, ਨਿਮਨ ਦੀ ਸਾਰ

(B) ਲਾਭ, ਲੋਭ ਅਤੇ ਗਰਬ

(C) ਨੇਹੁ, ਮੋਹ ਅਤੇ ਪਿਆਰ

(D) ਦੁੱਖ-ਸੁੱਖ ਦੀ ਸਾਂਝੀਵਾਲਤਾ

houseofaspirants.in

HOUSE OF ASPIRANTS
houseofaspirants.in

33. 'ਵੰਡੀ ਖ਼ਲਕਤ ਧਰਤ ਦੀ, ਮਿਲੀ ਆ ਗਗਨ ਦੁਆਰਾ' ਸਤਰਾਂ ਵਿੱਚ ਕਵੀ ਅਜੋਕੇ ਵਿਸ਼ਵ ਪਿੰਡ ਦੀ ਕੀ ਹਕੀਕਤ ਦਸਦਾ ਹੈ ?

(A) ਇਸ ਵਿਸ਼ਵ ਪਿੰਡ ਵਿੱਚ ਧਰਤ ਦੀਆਂ ਸਭ ਵੰਡੀਆਂ ਖਤਮ ਹੋ ਹਈਆਂ ਹਨ ।
(B) ਇਸ ਵਿਸ਼ਵ ਪਿੰਡ ਵਿੱਚ ਧਰਤ ਅਤੇ ਅੰਬਰ ਸਭ ਦਾ ਸਾਂਝਾ ਹੋ ਗਿਆ ਹੈ ।
(C) ਇਹ ਵਿਸ਼ਵ ਪਿੰਡ ਇੱਕ ਆਭਾਸੀ (virtual) ਹਕੀਕਤ ਹੈ ।
(D) ਇਹ ਵਿਸ਼ਵ ਪਿੰਡ ਲੋਕਾਂ ਦੀ ਸਾਂਝੀਵਾਲਤਾ 'ਤੇ ਅਧਾਰਿਤ ਹੈ ।

34. ਕਵੀ ਅਨੁਸਾਰ ਵਿਸ਼ਵ ਪਿੰਡ ਦੀ ਸਿਰਜਣਾ ਲਈ ਕਿਹੜਾ ਕਾਰਕ ਜਿੰਮੇਵਾਰ ਨਹੀਂ ਹੈ ?

(A) ਸੰਚਾਰ ਸਾਧਨਾਂ ਦਾ ਵਿਕਾਸ ।
(B) ਵਪਾਰਕ ਸਮਝੌਤੇ ।
(C) ਦੇਸ਼ਾਂ ਦੀਆਂ ਸੀਮਾਵਾਂ ਦਾ ਮਹੱਤਵਹੀਣ ਹੋਣਾ ।
(D) ਵਿਸ਼ਵ ਦੇ ਸਾਰੇ ਲੋਕਾਂ ਦਾ ਸਾਂਝ ਪਰਿਵਾਰ ਬਣਨਾ ।

35. ਅਜੋਕੇ ਵਿਸ਼ਵ ਪਿੰਡ ਦੇ ਸੰਕਲਪ ਦੇ ਸਬੰਧ ਵਿੱਚ ਹੇਠ ਲਿਖਿਆਂ ਵਿੱਚੋਂ ਕਿਹੜਾ ਵਾਕ ਦਰੁੱਸਤ ਹੈ ?

(A) ਅਜੋਕਾ ਵਿਸ਼ਵ ਪਿੰਡ ਸਾਂਝੀਵਾਲਤਾ 'ਤੇ ਅਧਾਰਿਤ ਹੈ ।
(B) ਵਿਸ਼ਵ ਪਿੰਡ ਸੰਚਾਰ ਸਾਧਨਾਂ 'ਤੇ ਅਧਾਰਿਤ ਵਪਾਰਕ ਤਾਣਾ-ਬਾਣਾ ਹੈ ।
(C) ਵਿਸ਼ਵ ਪਿੰਡ ਵਿੱਚ ਸਭ ਲੋਕਾਂ ਨੂੰ ਬਰਾਬਰ ਸਮਝਿਆ ਜਾਂਦਾ ਹੈ ।
(D) ਵਿਸ਼ਵ ਪਿੰਡ ਇੱਕ ਪਰਿਵਾਰ ਦੇ ਵਾਂਗ ਹੈ ।

36. ਪੰਜਾਬੀ ਭਾਸ਼ਾ ਨੂੰ ਕਿਹੜੀ ਭਾਸ਼ਾ ਮੰਨਿਆ ਜਾਂਦਾ ਹੈ ?

(A) ਖੇਤਰੀ ਭਾਸ਼ਾ (B) ਉਪ-ਭਾਸ਼ਾ (C) ਰਾਸ਼ਟਰੀ ਭਾਸ਼ਾ (D) ਆਮ ਭਾਸ਼ਾ

37. ਭਾਸ਼ਾ ਸਿੱਖਿਆ ਵਿੱਚ ਮੁਲਾਂਕਣ ਤੋਂ ਭਾਵ ਹੈ, ਬੱਚੇ ਦੀ :

(A) ਪਰੀਖਿਆ (B) ਦਰਜਾਬੰਦੀ (C) ਪ੍ਰਾਪਤੀ (D) ਭਾਸ਼ਾ-ਪ੍ਰਾਪਤੀ

38. ਇਹ ਵਿਚਾਰ ਕਿਸ ਵਿਦਵਾਨ ਨੇ ਪੇਸ਼ ਕੀਤਾ ਕਿ ਹਰ ਬੱਚੇ ਵਿੱਚ ਇੱਕ 'ਭਾਸ਼ਾ ਗ੍ਰਹਿਣ ਉਪਕਰਨ' ਮੌਜੂਦ ਹੁੰਦਾ ਹੈ ?

(A) ਚੌਮਸਕੀ (B) ਪਿਆਜੇ (C) ਵਾਈਗੋਟਸਕੀ (D) ਸੌਸਿਊਰ

39. ਬੱਚਾ, ਭਾਸ਼ਾ ਦਾ ਵਾਚਨ ਸਿਖਣ ਸਮੇਂ ਸਭ ਤੋ ਪਹਿਲਾਂ ਕੀ ਸਿੱਖਦਾ ਹੈ ?

(A) ਮੌਨ ਪਾਠ (B) ਉੱਚੀ ਪਾਠ
(C) ਵਿਅਕਤੀਗਤ ਪਾਠ (D) ਸਮੂਹਿਕ ਪਾਠ

40. ਪ੍ਰਾਥਮਿਕ ਪੱਧਰ ਤੇ ਤੁਸੀਂ ਕਿਸ ਤਰ੍ਹਾਂ ਦਾ ਬਾਲ-ਸਾਹਿਤ ਉਚਿੱਤ ਸਮਝਦੇ ਹੋ ?

(A) ਕੇਵਲ ਕਹਾਣੀਆਂ
(B) ਕੇਵਲ ਕਵਿਤਾਵਾਂ
(C) ਅਜਿਹਾ ਸਾਹਿਤ ਜਿਸ ਵਿੱਚ ਸ਼ਬਦਾਂ ਤੇ ਘਟਨਾਵਾਂ ਨੂੰ ਦੁਹਰਾਇਆ ਗਿਆ ਹੋਵੇ
(D) ਕੋਈ ਨਹੀਂ

houseofaspirants.in

HOUSE OF ASPIRANTS
houseofaspirants.in

41. ਹੇਠ ਲਿਖਿਆਂ ਵਿਚੋ ਸ਼ੁੱਧ ਸ਼ਬਦ-ਜੋੜ ਚੁਣੋ ।
(A) ਦੁੱਦ (B) ਦੂਧ (C) ਦੁਧ (D) ਦੁੱਧ

42. ਕਿਰਿਆ ਵਿਸ਼ੇਸ਼ਣ ਚੁਣੋ ।
(A) ਪੀਂਦਾ ਹੈ (B) ਤੇਜ਼ ਤੁਰੋ (C) ਜਾਣਾ ਹੈ (D) ਆਓ ਜੀ

43. ਹੇਠ ਲਿਖੇ ਸ਼ਬਦਾਂ ਵਿੱਚ 'ਤਾਕਤ' ਦਾ ਵਿਸ਼ੇਸ਼ਣ ਚੁਣੋ ।
(A) ਤਾਕਤਵਾਰ (B) ਤਾਕਤੀ (C) ਤਾਕਤ (D) ਖਤਰਨਾਕ

44. ਪਿੰਡ ਦੇ ਚੁਫੇਰੇ ਦੀ ਸੜਕ ਨੂੰ ਕੀ ਕਿਹਾ ਜਾਂਦਾ ਹੈ ?
(A) ਬਹਿਕ (B) ਚੁਰਾਹਾ (C) ਗਿਰਦੌਰੀ (D) ਫਿਰਨੀ

45. ਵਾਸਤੇ ਪਾਉਂਣਾ ਦਾ ਕੀ ਅਰਥ ਹੈ ?
(A) ਦੋਸ਼ ਲਾਉਣਾ (B) ਤੰਗ ਕਰਨਾ (C) ਮਿੰਨਤਾ ਕਰਨੀਆਂ (D) ਧੋਖਾ ਦੇਣਾ

46. ਅਖਾਣ ਪੂਰੀ ਕਰੋ :
ਇੱਕ ਕਰੇਲਾ _____
(A) ਦੂਜਾ ਕੇਲਾ (B) ਦੂਜਾ ਆਲੂ (C) ਦੂਜਾ ਕੱਦੂ (D) ਦੂਜਾ ਨਿੰਮ ਚੜ੍ਹਿਆ

47. "ਕਾਸ਼ ਮੇਰੇ ਕੋਲ ਬੰਗਲਾ ਹੁੰਦਾ" ਕਿਹੜੀ ਕਿਸਮ ਦਾ ਵਿਸਮਿਕ ਹੈ ?
(A) ਸੰਬੋਧਨੀ (B) ਪ੍ਰਸ਼ੰਸਾ ਵਾਚਕ (C) ਸੂਚਨਾ ਵਾਚਕ (D) ਇੱਛਾ ਵਾਚਕ

48. 'ਮੈਂ' ਸ਼ਬਦ ਦਾ ਬਹੁ-ਵਚਨ ਚੁਣੋ ।
(A) ਸੇਵਾਂ (B) ਅਸੀਂ (C) ਮੇਰਾ (D) ਕੋਈ ਨਹੀਂ

49. ਅਧੀਨ ਯੋਜਕ ਕਿੰਨੀ ਤਰਾਂ ਦੇ ਹੁੰਦੇ ਹਨ ?
(A) ਤਿੰਨ (B) ਪੰਜ (C) ਦੋ (D) ਸੱਤ

50. ਮੁਲਾਂਕਣ ਤੇ ਪਰੀਖਿਆ :
(A) ਵਿੱਚ ਕੋਈ ਅੰਤਰ ਨਹੀਂ ।
(B) ਮੁਲਾਂਕਣ ਪਰੀਖਿਆ ਤੋ ਵਧੇਰੇ ਵਿਆਪਕ ਤੇ ਵਿਸ਼ਾਲ ਹੈ ।
(C) ਪਰੀਖਿਆ ਵਿੱਚ ਹੀ ਮੁਲਾਂਕਣ ਹੁੰਦਾ ਹੈ ।
(D) ਵੱਡੇ ਬੱਚਿਆ ਦਾ ਮੁਲਾਂਕਣ ਤੇ ਛੋਟਿਆਂ ਦੀ ਪਰੀਖਿਆ ਹੁੰਦੀ ਹੈ ।

51. ਵਰਨਾਂ ਹੇਠ ਬਿੰਦੀ ਵਾਲੇ ਵਰਨਾਂ ਦੀ ਗਿਣਤੀ ਦਸੋ ?
(A) 6 (B) 5 (C) 41 (D) 3

52. ਗੁਰਮੁੱਖੀ ਦੇ ਲਗਾਖ਼ਰ ਚੁਣੋ :
(A) ਬਿੱਦੀ, ਟਿੱਪੀ ਤੇ ਅੱਧਕ (B) ਸਵਰ ਤੇ ਵਿਅੰਜਨ
(C) ਵਿਅੰਜਨ (D) ਸਾਰੇ ਹੀ

houseofaspirants.in

HOUSE OF ASPIRANTS
houseofaspirants.in

ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਉੱਤਰ ਦਿਓ । (53 – 60)

ਸਿਨੇਮਾ ਵਿੱਚ ਅੰਗ੍ਰੇਜ਼ੀ ਮੂਰਤਾਂ ਇੰਨੀ ਛੇਤੀ ਚਲਦੀਆਂ ਹਨ ਅਤੇ ਗੱਲਾ ਬਾਤਾਂ ਇੰਨੀ ਕਾਹਲੀ ਨਾਲ ਹੁੰਦੀਆ ਹਨ ਕਿ ਦਰਸ਼ਕ ਦਾ ਮਨ ਦੌੜ-ਦੌੜ ਕੇ ਹਫ ਜਾਂਦਾ ਹੈ ਪਿੱਛੇ ਰਹਿ ਜਾਂਦਾ ਹੈ । ਹਾਂ, ਹਿੰਦੁਸਤਾਨੀ ਫਿਲਮਾਂ ਆਮ ਲੋਕਾਂ ਦੀ ਦਿਮਾਗੀ ਹਾਲਤ ਮੁਤਾਬਕ ਹੁੰਦੀਆ ਹਨ ਅਤੇ ਇਨ੍ਹਾਂ ਵਿੱਚ ਦਿਮਾਗ ਦੀ ਵਰਤੋਂ ਛੇਤੀ-ਛੇਤੀ ਨਹੀਂ ਹੁੰਦੀ । ਜੇ ਗਾਣਾ ਲੈ ਕੇ ਬਹਿੰਦੇ ਹਨ ਤਾਂ ਕਈ ਮਿੰਟ ਗਾਣਾ ਹੀ ਚੱਲੀ ਜਾਂਦਾ ਹੈ । ਗੱਲਾਂ ਭੀ ਲੰਮੀਆ-ਲੰਮੀਆ ਲੈਕਚਰ ਸਮਾਨ ਹੁੰਦੀਆ ਹਨ ।

ਕਿਤਾਬਾਂ ਪੜਨ ਵਿੱਚ ਵੀ ਇਹੋ ਹਾਲ ਹੈ । ਚੰਗੇ ਪੜ੍ਹਨ ਵਾਲੇ ਇੱਕ ਦਿਨ ਵਿੱਚ ਇੱਕ ਪੁਸਤਕ ਮੁਕਾ ਲੈਂਦੇ ਹਨ । ਉਹ ਸਭ ਕੁਝ ਨਹੀਂ ਪੜ੍ਹਦੇ । ਅਖਬਾਰ ਜਾਂ ਕਿਤਾਬ ਦੀ ਸਾਰੀ ਲਿਖਤ ਉਹੀ ਪੜ੍ਹਦਾ ਹੈ, ਜਿਸ ਦੀ ਸੋਚ ਹੌਲੀ-ਹੌਲੀ ਚਲਦੀ ਹੈ । ਚੰਗਾ ਪੜ੍ਹਿਆ ਆਦਮੀ ਤਾਂ ਕਿਸੇ ਪੈਰ੍ਹੇ ਨੂੰ ਸ਼ੁਰੂ ਕਰਦਿਆ ਹੀ ਤਾੜ ਜਾਂਦਾ ਹੈ ਕਿ ਇਸ ਵਿੱਚ ਕੀ ਲਿਖਿਆ ਹੈ । ਉਹ ਮਤਲਬ ਦੀ ਗੱਲ ਵੇਖਦਾ ਹੈ ਤੇ ਹੋਰ ਕੁਝ ਛੱਡੀ ਜਾਂਦਾ ਹੈ । ਇਹ ਛੱਡ-ਛੱਡ ਕੇ ਪੜ੍ਹਨ ਦੀ ਜਾਚ ਵਰਤਮਾਨ ਸਮੇਂ ਦਾ ਇੱਕ ਵੱਡਾ ਹੁਨਰ ਹੈ । ਅੱਜ ਕੱਲ ਸਭ ਤੋ ਵੱਧ ਕੇ ਉਹ ਪੜ੍ਹਦਾ ਹੈ ਜੋ ਸਭ ਤੋ ਘੱਟ ਪੜ੍ਹਦਾ ਹੈ ।

53. ਕਿਹੜਾ ਆਦਮੀ ਕਿਸੇ ਪੈਰ੍ਹੇ ਨੂੰ ਸ਼ੁਰੂ ਵਿੱਚ ਹੀ ਤਾੜ ਜਾਂਦਾ ਹੈ ?
(A) ਚੰਗਾ ਪੜ੍ਹਿਆ ਆਦਮੀ ।
(B) ਪੜ੍ਹਿਆ-ਲਿਖਿਆ ਆਦਮੀ ।
(C) ਹੁਸ਼ਿਆਰ ਆਦਮੀ ।
(D) ਕੋਈ ਨਹੀਂ ।

54. ਪੜ੍ਹਨ ਦੀ ਜਾਚ ਨੂੰ ਵਰਤਮਾਨ ਸਮੇਂ ਵਿੱਚ ਕੀ ਆਖਿਆ ਜਾਂਦਾ ਹੈ ?
(A) ਕਲਾ
(B) ਹੁਸ਼ਿਆਰੀ
(C) ਵੱਡਾ ਹੁਨਰ
(D) ਕੋਈ ਨਹੀਂ

55. ਚੰਗੇ ਪੜ੍ਹਨ ਵਾਲੇ ਕੀ ਕਰਦੇ ਹਨ ?
(A) ਅੱਖਰ-ਅੱਖਰ ਪੜ੍ਹਦੇ ਹਨ ।
(B) ਪਹਿਲੇ ਪੰਨੇ ਤੋ ਆਖਰੀ ਪੰਨੇ ਤੱਕ ਪੜ੍ਹਦੇ ਹਨ ।
(C) ਸਭ ਕੁਝ ਨਹੀਂ ਪੜ੍ਹਦੇ ਹਨ ।
(D) ਇਨ੍ਹਾਂ ਵਿੱਚੋਂ ਕੋਈ ਨਹੀਂ ।

56. ਵਰਤਮਾਨ ਸਮੇਂ ਵਿੱਚ ਪੜ੍ਹਨ ਦੇ ਖੇਤਰ ਵਿੱਚ ਵੱਡਾ ਹੁਨਰ ਕੀ ਹੈ ?
(A) ਸਾਰਾ ਕੁਝ ਪੜ੍ਹਨਾ
(B) ਤੇਜ਼-ਤੇਜ਼ ਪੜ੍ਹਨਾ
(C) ਅੱਖਰ-ਅੱਖਰ ਪੜ੍ਹਨਾ
(D) ਛੱਡ-ਛੱਡ ਕੇ ਪੜ੍ਹਨਾ

57. ਹੇਠ ਲਿਖਿਆ ਵਿੱਚੋਂ ਵਿਸ਼ੇਸ਼ਣ ਕਿਹੜਾ ਹੈ ?
(A) ਆਦਮੀ
(B) ਚੰਗਾ ਪੜ੍ਹਿਆ
(C) ਲਿਖਿਆ
(D) ਤਾੜ ਜਾਣਾ

58. ਉਪਰੋਕਤ ਪੈਰ੍ਹੇ ਦਾ ਕਿਹੜਾ ਸਿਰਲੇਖ ਜ਼ਿਆਦਾ ਢੁੱਕਵਾਂ ਹੈ ?
(A) ਚੰਗੇ ਪੜ੍ਹਨ ਵਾਲੇ
(B) ਹੌਲੀ ਫਿਲਮਾਂ
(C) ਲੰਮੇ ਲੈਕਚਰ
(D) ਵਧੀਆ ਕਿਤਾਬ

59. ਹਿੰਦੁਸਤਾਨੀ ਫਿਲਮਾਂ ਵਿੱਚ ਗੱਲਾਂ ਕਿਹੋ ਜਿਹੀਆਂ ਹੁੰਦੀਆ ਹਨ ?
(A) ਛੋਟੀਆ-ਛੋਟੀਆਂ
(B) ਰੁਮਾਂਟਿਕ
(C) ਹਾਸੋ-ਹੀਣੀਆਂ
(D) ਲੰਮੀਆ-ਲੰਮੀਆ

60. ਅਖਬਾਰ ਜਾਂ ਕਿਤਾਬ ਦੀ ਸਾਰੀ ਲਿਖਤ ਕੌਣ ਪੜ੍ਹਦਾ ਹੈ ?
(A) ਹੁਸ਼ਿਆਰ ਆਦਮੀ
(B) ਚਾਲਾਕ ਆਦਮੀ
(C) ਹੌਲੀ ਸੋਚ ਵਾਲਾ ਆਦਮੀ
(D) ਮਿਹਨਤੀ ਆਦਮੀ

houseofaspirants.in

HOUSE OF ASPIRANTS
houseofaspirants.in

English Language (Primary Level) (Questions No. 61 – 68)

Read the passage carefully and answer the questions no. 61 – 68 that follow by choosing the best alternative :

1 Have you ever failed at something so miserably that the thought of attempting to do it again was the last thing on your mind ?

2 If your answer is yes, then you should understand that you are not a robot. Unlike robots, we human beings have feelings, emotions and dreams. We are all meant to grow despite our circumstances and limitations. Flourishing and trying to make our dreams come true feels great when life goes our way. But what happens when it does not ? What happens when you fail despite all your hard work ? Do you stay down and accept defeat or do you get up again ? If you tend to persevere and keep going, you have what experts call 'grit'.

3 Falling down or failing is one of the most agonizing, embarrassing and scary human experiences. But it is also one of the most educational, empowering and essential parts of living a successful and fulfilling life. Did you know that perseverance (grit) is one of the seven qualities that has been described as the key to personal success and betterment in society ? The other six are curiosity, gratitude, optimism, self-control, social intelligence and zest. Thomas Edison is an example of grit for trying more than 1000 times to invent the light bulb. If you are reading this with the lights on in your room, you will realize the importance of his success. When asked why he kept going despite hundreds of failures, he merely stated that they had not been failures, they were hundreds of attempts towards creating the light bulb. This statement not only revealed his grit but also his optimism for looking at the bright side.

Based on your understanding of the passage, answer the following questions :

61. Choose the option that correctly states the meaning of 'social intelligence' as implied in the passage.

(A) Key to personal success
(B) Key to personal success and betterment in society
(C) Key to becoming intelligent
(D) Key to make a society better

62. Which is ***not*** among the seven qualities that has been described as the key to personal success and betterment in society ?

(A) Curiosity
(B) Perseverance
(C) Zest
(D) Agony

houseofaspirants.in

HOUSE OF ASPIRANTS
houseofaspirants.in

63. The meaning of the phrase "looking at the bright side" as used in the passage is :

(A) Be optimistic despite difficulties

(B) Be grateful despite difficulties

(C) Feeling embarrassed

(D) Looking in bright daylight

64. The reasons why you are not a robot is that :

(A) You fail miserably at tasks

(B) Failure and success can affect your emotions

(C) You work hard

(D) You have limitations

65. _____ was created after many attempts.

(A) Electricity

(B) Light bulb

(C) Current

(D) Tubelight

66. Which of the following sentences makes the correct use of "grit", as used in the passage ?

(A) Get rid of that grit in your shoes.

(B) She had a bit of grit in her eye.

(C) The road had been covered with grit.

(D) Her grit never made her give up.

67. 'Tend to persevere and keep going' as used in the paragraph suggests :

(A) Stay down

(B) Accept defeat

(C) Falling down

(D) Grit

68. What do you understand from the line, "Falling down or failing is one of the most agonizing, embarrassing and scary human experiences" ?

(A) Falling down makes us angry

(B) Failure can deeply affect our emotions

(C) Stay positive and be optimistic

(D) Self-control is empowering

houseofaspirants.in

HOUSE OF ASPIRANTS
houseofaspirants.in

Read the passage carefully and answer the questions no. 69 – 75 that follow by choosing the best alternative :

1 One of the great values of punctuality is that it gives discipline to life. We have to get up in time. We have to do things at the appointed time. All these entail a certain amount of sacrifice. It dispels laziness and removes our 'take-it-easy attitude'. A disciplined person always gets recognition and social acceptance. He is wanted and appreciated. Therefore, punctuality can make us socially acceptable people.

2 Another significant merit of punctuality is that it provides ample time to do our work correctly and properly. Doing things hurriedly or haphazardly can have disastrous consequences. When we do things in time there is every chance that they end up as fine works.

3 The virtue of punctuality is said to be the key to success. Look at the great world leaders who have achieved fame and success. Punctuality was their hallmark. They kept their promises. Punctuality is a virtue that is appreciated by all. Washington once took his secretary to task for being late. The secretary laid the blame upon his watch. Washington retorted : "Then, Sir, either you must get a new watch or I must get a new secretary." People like them are ideals whom we should follow in earnest.

4 When individuals are not punctual, they cause a lot of inconvenience to others. People have to wait for them and waste their valuable time. Want of punctuality reveals want of culture and is discourteous to the person we fail. Unpunctuality invites trouble and worry. History is full of cases that show that lack of punctuality has caused defeat, loss of kingdom, and golden opportunities. It is said that Napoleon lost the Battle of Waterloo in 1815 because one of his generals came late. Many people lose good opportunities of job or promotion when they reach late for the appointment.

5 All of us are not born with the virtue of punctuality. We have to cultivate it painstakingly. Only constant vigil and practice can implant this virtue. It calls for a great deal of sacrifice. It calls for courage to root out laziness and the 'take-it-easy attitude'. It demands a disciplined life. That is why very few individuals have the virtue of punctuality. But, know it for certain that it is the surest way to success.

Based on your understanding of the passage, answer the following questions :

69. The consequences of not maintaining punctuality at work :

(A) Invites trouble and worry

(B) Helps in doing our work successfully

(C) Provides an opportunity

(D) Calls for a great deal of sacrifice

House of Aspirants | houseofaspirants.in

HOUSE OF ASPIRANTS
houseofaspirants.in

70. A word in the passage that means the same as 'symbol' or 'trademark' is :

(A) Dint
(B) Vigil
(C) Hallmark
(D) Virtue

71. A disciplined person always gets :

(A) Recognition
(B) Social acceptance
(C) Appreciation
(D) All of the above

72. If you are not disciplined, you will :

(A) Work hurriedly or haphazardly
(B) End up as fine works
(C) Be appreciated by people
(D) Call for a great deal of sacrifice

73. What is ***not*** required to implant the virtue of punctuality ?

(A) Constant vigil
(B) Practice
(C) Sacrifice
(D) Laziness

74. Give one word for 'to keep a strict watch'. (para 5)

(A) Vigil
(B) Virtue
(C) Disastrous
(D) Punctual

75. Napoleon lost the Battle of Waterloo in 1815 because :

(A) One of his generals came late
(B) No one in his army was very punctual
(C) His generals wasted valuable time
(D) None of the above

House of Aspirants | houseofaspirants.in

HOUSE OF ASPIRANTS
houseofaspirants.in

76. In a deductive method of teaching grammar, we proceed from :

(A) Structure to sentences
(B) Words to sentences
(C) Rules to examples
(D) Examples to rules

77. A test of writing is :

(A) Skimming
(B) Debating
(C) Dictation
(D) Listening

78. Learning a language is a matter of :

(A) Skill (B) Process (C) Adjustment (D) Method

79. Which of the following is an ***incorrect*** assumption in language teaching ?

(A) Learners acquire language by trying to use it in real situations
(B) Learners' first language plays an important role in learning
(C) Language teaching should have a focus in communicative activities
(D) Language teaching should give importance to writing rather than speech

80. Which of the following does ***not*** come under the Principle of Selection ?

(A) Frequency
(B) Range
(C) Availability
(D) Imitation

81. Language acquisition occurs only when :

(A) The child is taught the rules of grammar
(B) The child is given a reward
(C) The child has the knowledge of the language
(D) The child absorbs the language without conscious attention

82. We can think of language as one of the mental organs, which in coordination with other mental organs, carries out cognitive processes. This is attributable to :

(A) Noam Chomsky
(B) Prof. W.F. Mackey
(C) Prof. Kitson
(D) D.A. Wilkins

83. Combining elements of different languages in the same sentence is an example of :

(A) Socio-linguistics
(B) Code-switching
(C) Code-mixing
(D) Dialects

houseofaspirants.in

HOUSE OF ASPIRANTS
houseofaspirants.in

84. The smallest unit of sound that distinguishes one word from another is :

(A) Syntax
(B) Phoneme
(C) Morpheme
(D) Phonetics

85. Intensive reading refers to :

(A) Reading a text for detailed information
(B) Reading for pleasure
(C) Reading to gather facts
(D) Same as scanning

86. Rule-oriented grammar is :

(A) Formal grammar
(B) Functional grammar
(C) Interrogative
(D) Formative

87. A set of listening comprehension is a test of :

(A) Receptive skill
(B) Productive skill
(C) Phonology
(D) Syntax

88. The objective of remedial teaching is :

(A) To provide learning support to pupils who lag far behind their counterparts
(B) To provide financial assistance to poor students
(C) To assist students in the overall development of personality
(D) None of the above

89. Continuous and comprehensive evaluation is to :

(A) Assess all aspects of a student's development on a continuous basis throughout the year
(B) Give diagnostic tests to the students at regular intervals
(C) Assess students' academic achievement
(D) All of the above

90. Which of the following words is based on the phenomenon, 'Onomatopoeia' ?

(A) Cuckoo
(B) Book
(C) Shoe
(D) Watch

House of Aspirants | houseofaspirants.in

HOUSE OF ASPIRANTS
houseofaspirants.in

ਭਾਗ B

ਗਣਿਤ (ਦੁਭਾਸ਼ੀ) (ਪ੍ਰਸ਼ਨ ਨੰ. 91 – 120)

91. ਹੇਠ ਲਿਖਿਆਂ ਵਿੱਚੋਂ ਕਿਸ ਸਥਿਤੀ ਵਿੱਚ ਬੱਚੇ ਨੂੰ ਉਪਚਾਰਕ ਅਧਿਆਪਨ ਦੀ ਲੋੜ ਹੈ ?

(A) ਵਿਸ਼ੇ ਵਿੱਚ ਰੁਚੀ ਦੀ ਘਾਟ
(B) ਪੜ੍ਹਾਉਣ ਦਾ ਅਣਉਚਿਤ ਤਰੀਕਾ
(C) (A) ਅਤੇ (B) ਦੋਵੇਂ
(D) ਉਪਰੋਕਤ ਕੋਈ ਨਹੀਂ

92. ਇੱਕ ਸ਼ੰਕੂ ਦੇ _____ ਕਿਨਾਰੇ ਹੁੰਦੇ ਹਨ ।

(A) 3 (B) 2 (C) 1 (D) 0

93. "The Language of Mathematics : Making the Invisible Visible" ਨਾਮਕ ਕਿਤਾਬ ਦਾ ਲੇਖਕ ਕੌਣ ਹੈ ?

(A) ਯੂਕਲਿਡ (B) ਪਾਇਥਾਗੋਰਸ (C) ਰਾਮਾਨੁਜਨ (D) ਕੀਥ ਡੇਵਲਿਨ

94. ਟੈਨਗ੍ਰਾਮ ਇੱਕ _____ ਬੁਝਾਰਤ ਹੈ ।

(A) ਭਾਰਤੀ (B) ਅਮਰੀਕੀ (C) ਚੀਨੀ (D) ਜਾਪਾਨੀ

95. ਚੱਕਰ ਦਾ ਕੋਈ _____ ਨਹੀਂ ਹੁੰਦਾ ।

(A) ਕਿਨਾਰਾ (B) ਸ਼ਿਖਰ (C) ਅੰਤਿਮ ਬਿੰਦੂ (D) ਉਪਰੋਕਤ ਸਾਰੇ

96. "(a + b) ਅਤੇ (a – b) ਦਾ ਗੁਣਨਫਲ $a^2 - b^2$ ਹੈ ।" ਇਹ ਕਿਸ ਕਿਸਮ ਦਾ ਪ੍ਰਸ਼ਨ ਹੈ ?

(A) ਸੁਮੇਲ (B) ਸਿਮਰਤੀ (C) ਪੁਨਰ-ਤਰਤੀਬ (D) ਪੂਰਾ ਕਰਨਾ

97. ਇੱਕ ਸਮਮਿਤੀ ਆਕ੍ਰਿਤੀ ਨੂੰ ਆਕਾਰ ਦੇ ਪੱਖੋਂ _____ ਬਰਾਬਰ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ ।

(A) ਦੋ
(B) ਤਿੰਨ
(C) ਚਾਰ
(D) ਉਪਰੋਕਤ ਕੋਈ ਨਹੀਂ

98. 3 ਵਜੇ ਘੜੀ ਦੀਆਂ ਸੂਈਆਂ _____ ਡਿਗਰੀ ਦਾ ਕੋਣ ਬਨਾਉਣਗੀਆਂ ।

(A) ਅਧਿੱਕ ਕੋਣ (B) ਨਿਊਨਕੋਣ (C) ਸਮਕੋਣ (D) ਰਿਫਲੈਕਸ ਕੋਣ

99. ਤਿੰਨ ਡਰਮਾਂ ਵਿੱਚ 18 ਲੀਟਰ, 27 ਲੀਟਰ ਅਤੇ 36 ਲੀਟਰ ਤੇਲ ਹੈ । ਕਿਹੜਾ ਵੱਡੇ ਤੋ ਵੱਡਾ ਮਾਪਕ ਬਰਤਨ ਵਰਤਿਆ ਜਾਏ ਤਾਂ ਜੋ ਤਿੰਨਾ ਡਰਮਾਂ ਦਾ ਤੇਲ ਪੂਰੀ ਤਰਾਂ ਵਰਤਿਆ ਜਾ ਸਕੇ ਬਾਕੀ ਤੇਲ ਨਾ ਬਚੇ ?

(A) 8 ਲੀਟਰ (B) 9 ਲੀਟਰ (C) 18 ਲੀਟਰ (D) 6 ਲੀਟਰ

100. ਜਦੋ ਅਸੀ ਕਿਸੇ ਸੰਖਿਆਂ ਵਿੱਚੋਂ 1 ਘਟਾਉਂਦੇ ਹਾਂ ਤਾਂ ਕਿਹੜੀ ਸੰਖਿਆ ਪ੍ਰਾਪਤ ਹੁੰਦੀ ਹੈ ?

(A) ਪਿਛਲੀ ਸੰਖਿਆ
(B) ਅਗਲੀ ਸੰਖਿਆ
(C) (A) ਅਤੇ (B) ਦੋਵੇਂ
(D) ਉਪਰੋਕਤ ਕੋਈ ਨਹੀਂ

House of Aspirants | houseofaspirants.in

HOUSE OF ASPIRANTS
houseofaspirants.in

101. ਘੜੀ ਦੀ ਸਭ ਤੋਂ ਵੱਡੀ ਅਤੇ ਤੇਜ਼ ਚਲਣ ਵਾਲੀ ਸੂਈ ਕਿਸ ਬਾਰੇ ਦੱਸਦੀ ਹੈ ?

(A) ਸਕਿੰਟਾਂ ਬਾਰੇ
(B) ਮਿੰਟਾਂ ਬਾਰੇ
(C) ਘੰਟਿਆਂ ਬਾਰੇ
(D) ਉਪਰੋਕਤ ਕੋਈ ਨਹੀਂ

102. ਇੱਕ ਸਕੂਲ ਦਾ I ਤੋਂ V ਤੱਕ ਦਾ ਹਾਜ਼ਰੀ ਬੋਰਡ ਵੇਖੋ :

ਜਮਾਤ	ਬੱਚਿਆਂ ਦੀ ਗਿਣਤੀ	ਹਾਜਰ ਬੱਚੇ	ਗੈਰ ਹਾਜਰ ਬੱਚੇ
I	20	17	3
II	18	18	0
III	23	22	1
IV	22	20	2
V	17	15	2
ਕੁੱਲ	100	92	8

ਹਾਜ਼ਰੀ ਬੋਰਡ ਅਨੁਸਾਰ ਕਿਹੜੀ ਜਮਾਤ ਦੇ ਬੱਚੇ ਸਭ ਤੋਂ ਵੱਧ ਗੈਰ ਹਾਜਰ ਹਨ ?

(A) II (B) IV (C) III (D) I

103. ਹੇਠ ਲਿਖੇ ਵਿੱਚ ਕਿਸ ਕਿਸਮ ਦੀ ਗਲਤੀ ਕੀਤੀ ਗਈ ਹੈ ?

$$\begin{array}{r} 493 \\ +\ 28 \\ \hline 4111 \end{array}$$

(A) ਪ੍ਰਕਿਰਿਆਤਮਕ
(B) ਸੰਕਲਪਨਾਤਮਕ
(C) (A) ਅਤੇ (B) ਦੋਵੇਂ
(D) ਉਪਰੋਕਤ ਕੋਈ ਨਹੀਂ

104. 6271, 6721 ਅਤੇ 7621 ਵਿੱਚ 7 ਦੇ ਸਥਾਨਕ ਮੁੱਲਾਂ ਦਾ ਜੋੜ ਕੀ ਹੈ ?

(A) 770 (B) 21 (C) 7070 (D) 7770

105. ਜੇ ਅਸੀਂ ਦੋ ਅੰਕਾਂ ਦੀ ਸਭ ਤੋਂ ਵੱਡੀ ਸੰਖਿਆ ਵਿੱਚ ਇੱਕ ਜੋੜੀਏ ਤਾਂ ਸਾਨੂੰ ਕੀ ਪ੍ਰਾਪਤ ਹੁੰਦਾ ਹੈ ?

(A) ਤਿੰਨ ਅੰਕਾਂ ਦੀ ਸਭ ਤੋਂ ਵੱਡੀ ਸੰਖਿਆ
(B) ਦੋ ਅੰਕਾਂ ਦੀ ਸਭ ਤੋਂ ਛੋਟੀ ਸੰਖਿਆ
(C) ਤਿੰਨ ਅੰਕਾਂ ਦੀ ਸਭ ਤੋਂ ਛੋਟੀ ਸੰਖਿਆ
(D) ਉਪਰੋਕਤ ਕੋਈ ਨਹੀਂ

106. ਇੱਕ ਸਰਕਾਰੀ ਸਕੂਲ ਵਿੱਚ ਮਹੀਨੇ ਦੌਰਾਨ ਬਣੇ ਮਿਡ-ਡੇ-ਮੀਲ ਵਿੱਚ 76 ਕਿਲੋਗ੍ਰਾਮ ਕਣਕ ਅਤੇ 54 ਕਿਲੋਗ੍ਰਾਮ ਚਾਵਲ ਦੀ ਵਰਤੋਂ ਕੀਤੀ ਗਈ । ਸਕੂਲ ਵਿੱਚ ਮਹੀਨੇ ਦੌਰਾਨ ਕਿੰਨੇ ਅਨਾਜ ਦੀ ਵਰਤੋਂ ਕੀਤੀ ਗਈ ?

(A) 222 ਕਿਲੋਗ੍ਰਾਮ (B) 130 ਕਿਲੋਗ੍ਰਾਮ (C) 130 ਗ੍ਰਾਮ (D) 222 ਗ੍ਰਾਮ

House of Aspirants | houseofaspirants.in

HOUSE OF ASPIRANTS
houseofaspirants.in

107. ਬਜ਼ਾਰ ਵਿੱਚ ਦੋ ਤਰਾਂ ਦੇ ਪਾਊਡਰ ਦੇ ਡੱਬੇ ਮਿਲਦੇ ਹਨ । ਇੱਕ 8 ਸੈ.ਮੀ. ਕਿਨਾਰੇ ਵਾਲਾ ਘਣ ਆਕਾਰ ਅਤੇ ਦੂਜਾ 15 ਸੈ.ਮੀ. ਲੰਬਾ, 8 ਸੈ.ਮੀ. ਚੌੜਾ ਅਤੇ 4 ਸੈ.ਮੀ. ਉਚਾਈ ਵਾਲਾ ਘਣਾਵਾਕਾਰ ਡੱਬਾ ਹੈ । ਦੋਵਾਂ ਡੱਬਿਆਂ ਵਿੱਚ ਆਉਣ ਵਾਲੇ ਪਾਊਡਰ ਦੀ ਮਾਤਰਾ ਵਿੱਚ ਕਿੰਨਾ ਅੰਤਰ ਹੈ ?

(A) 12 ਘਣ ਸੈ.ਮੀ.
(B) 8 ਘਣ ਸੈ.ਮੀ.
(C) 32 ਘਣ ਸੈ.ਮੀ.
(D) 60 ਘਣ ਸੈ.ਮੀ.

108. ਕਿਸੇ ਸ਼ਹਿਰ ਦੇ ਸੱਤ ਦਿਨਾਂ ਦੇ ਵੱਧ ਤੋਂ ਵੱਧ ਤਾਪਮਾਨ ਦੇ ਅੰਕੜੇ ਇਸ ਤਰਾਂ ਹਨ :

ਦਿਨ	ਸੋਮਵਾਰ	ਮੰਗਲਵਾਰ	ਬੁੱਧਵਾਰ	ਵੀਰਵਾਰ	ਸ਼ੁਕੱਰਵਾਰ	ਸ਼ਨੀਵਾਰ	ਐਤਵਾਰ
ਤਾਪਮਾਨ	36°C	34°C	38°C	40°C	39°C	40°C	41°C

ਕਿਹੜੇ ਦੋ ਦਿਨ ਬਰਾਬਰ ਗਰਮ ਹਨ ?

(A) ਵੀਰਵਾਰ, ਸ਼ਨੀਵਾਰ
(B) ਐਤਵਾਰ, ਸੋਮਵਾਰ
(C) ਵੀਰਵਾਰ, ਬੁੱਧਵਾਰ
(D) ਵੀਰਵਾਰ, ਸ਼ੁਕੱਰਵਾਰ

109. ਹਰਮਨ, ਅਗਮਪ੍ਰੀਤ ਨੂੰ ਲੁਕੇ ਹੋਏ ਸੰਦੇਸ਼ ਰਾਹੀਂ ਕੁਝ ਕਹਿ ਰਿਹਾ ਹੈ :

1W2H3A4T5A6R7E8Y9O1U2D3O4I5N6G

ਅਗਮਪ੍ਰੀਤ ਨੇ ਵੀ ਉਸਨੂੰ ਉਸੇ ਤਰਾਂ ਜਵਾਬ ਦਿੱਤਾ ਹੈ ।

1I2A3M4S5T6U7D8Y1I2N3G

ਅਗਮਪ੍ਰੀਤ ਦਾ ਜਵਾਬ ਹੈ :

(A) I am sleeping
(B) I am studying
(C) (A) ਅਤੇ (B) ਦੋਵੇਂ
(D) ਉਪਰੋਕਤ ਕੋਈ ਨਹੀਂ

110. ਇੱਕ ਰੇਲ ਗੱਡੀ ਹੈਦਰਾਬਾਦ ਤੋਂ ਸ਼ੁਕੱਰਵਾਰ ਨੂੰ 13:15 ਤੇ ਚੱਲੀ ਅਤੇ ਸ਼ਨੀਵਾਰ ਨੂੰ ਬੰਗਲੁਰੂ 07:30 ਤੇ ਪਹੁੰਚੀ । ਯਾਤਰਾ ਵਿੱਚ ਕਿੰਨਾ ਸਮਾਂ ਲੱਗਾ ?

(A) 18 ਘੰਟੇ, 15 ਮਿੰਟ
(B) 19 ਘੰਟੇ, 45 ਮਿੰਟ
(C) 5 ਘੰਟੇ, 35 ਮਿੰਟ
(D) 12 ਘੰਟੇ, 45 ਮਿੰਟ

111. 43903 ਵਿੱਚ 9 ਦੇ ਸਥਾਨਕ ਮੁੱਲ ਅਤੇ 23060 ਵਿੱਚ 6 ਦੇ ਅੰਕਿਤ ਮੁੱਲ ਵਿੱਚ ਕੀ ਅੰਤਰ ਹੈ ?

(A) 303 (B) 894 (C) 3 (D) 853

112. ਕਿਹੜੀ ਸੰਖਿਆ ਨਾਂ ਭਾਜ ਹੈ ਅਤੇ ਨਾਂ ਹੀ ਅਭਾਜ ?

(A) 1 (B) 2 (C) 3 (D) 4

houseofaspirants.in

HOUSE OF ASPIRANTS
houseofaspirants.in

113. ਹੇਠਾਂ ਦਿਤੀ ਲੜੀ ਨੂੰ ਧਿਆਨ ਨਾਲ ਵੇਖੋ ਅਤੇ ਪੂਰਾ ਕਰੋ :

729, 243, 81, ____, ____, ____.

(A) 27, 9, 3 (B) 9, 3, 1 (C) 11, 9, 3 (D) 13, 11, 9

114. ਸੰਕਲਪਨਾਤਮਕ ਗਲਤੀਆਂ (Conceptual errors) ਨੂੰ _____ ਵੀ ਕਿਹਾ ਜਾਂਦਾ ਹੈ ।

(A) ਸਲਿਪਸ (Slips) (B) ਬੱਗਸ (Bugs)

(C) (A) ਅਤੇ (B) ਦੋਵੇਂ (D) ਉਪਰੋਕਤ ਕੋਈ ਨਹੀਂ

115. ਜੇ ਦਿੱਤੀਆਂ ਸੰਖਿਆਵਾਂ ਵਿੱਚ ਅੰਕ ਬਰਾਬਰ ਹੋਣ ਤਾਂ ਉਹਨਾਂ ਦੀ _____ ਨਾਲ ਤੁਲਨਾ ਕੀਤੀ ਜਾਂਦੀ ਹੈ ।

(A) ਅੰਕਿਤ ਮੁੱਲ (B) ਸਥਾਨਿਕ ਮੁੱਲ

(C) (A) ਅਤੇ (B) ਦੋਵੇਂ (D) ਉਪਰੋਕਤ ਕੋਈ ਨਹੀਂ

116. ਕਿਸੇ ਸੰਖਿਆ ਵਿੱਚ _____ ਦਾ ਸਥਾਨਕ ਮੁੱਲ ਹਮੇਸ਼ਾ ਉਹੀ ਹੁੰਦਾ ਹੈ ਭਾਵੇਂ ਉਹ ਕਿਸੇ ਵੀ ਸਥਾਨ ਤੇ ਹੋਵੇ ।

(A) 0 (B) 1

(C) (A) ਅਤੇ (B) ਦੋਵੇਂ (D) ਉਪਰੋਕਤ ਕੋਈ ਨਹੀਂ

117. ਰੋਮਨ ਅੰਕਾਂ ਦੇ _____ ਚਿੰਨ ਹੁੰਦੇ ਹਨ ।

(A) 3 (B) 9 (C) 5 (D) 7

118. ਤਿੰਨ ਅੰਕਾਂ ਦੀ ਛੋਟੀ ਤੋਂ ਛੋਟੀ ਅਤੇ ਦੋ ਅੰਕਾਂ ਦੀ ਵੱਡੀ ਤੋਂ ਵੱਡੀ ਸੰਖਿਆ ਦਾ ਗੁਣਨਫਲ ਦਸੋ :

(A) 2900 (B) 1000 (C) 9900 (D) 970

119. ਇੱਕ ਗਲਾਸ ਵਿੱਚ 250 ਮਿ.ਲਿ. ਪਾਣੀ ਆਉਂਦਾ ਹੈ । 2 ਲੀਟਰ ਦੀ ਬੋਤਲ ਵਿੱਚ ਕਿੰਨੇ ਗਲਾਸ ਭਰੇ ਜਾ ਸਕਦੇ ਹਨ ?

(A) 10 (B) 6 (C) 4 (D) 8

120. ਹੇਠਾਂ ਦਿੱਤੀ ਲੜੀ ਨੂੰ ਧਿਆਨ ਨਾਲ ਵੇਖੋ ਅਤੇ ਪੂਰਾ ਕਰੋ :

ED, FE, GF, ____, ____, ____.

(A) HG, IJ, KL (B) HG, IH, JI

(C) HG, IH, JK (D) HG, IK, JI

houseofaspirants.in

HOUSE OF ASPIRANTS
houseofaspirants.in

ਪਰਿਆਵਰਨ ਅਧਿਐਨ (ਦੁਭਾਸ਼ੀ) (ਪ੍ਰਸ਼ਨ ਨੰ. 121 – 150)

121. ਪੈਸਟੂਰਾਈਜ਼ੇਸ਼ਨ (Pasteurization) ਦੀ ਵਰਤੋਂ ਮੁੱਖ ਤੌਰ ਤੇ _____ ਲਈ ਕੀਤੀ ਜਾਂਦੀ ਹੈ ।

(A) ਸਬਜ਼ੀਆਂ
(B) ਦੁੱਧ
(C) ਅਨਾਜ
(D) ਉਪਰੋਕਤ ਵਿੱਚੋਂ ਕੋਈ ਨਹੀਂ

122. ਇਗਲੂ ਇੱਕ ਕਿਸਮ ਦਾ ਘਰ ਹੈ ਜੋ _____ ਵਿਚ ਬਣਾਇਆ ਜਾਂਦਾ ਹੈ ।

(A) ਮਾਰੂਥਲ ਖੇਤਰ
(B) ਪਹਾੜੀ ਖੇਤਰ
(C) ਧਰੁਵੀ ਖੇਤਰ
(D) ਉਪਰੋਕਤ ਸਾਰੇ

123. ਵਾਤਾਵਰਣ ਪ੍ਰਦੂਸ਼ਣ ਦੇ ਮੁੱਦੇ ਨੂੰ ਲੈ ਕੇ ਭਾਰਤ ਦੇ ਕਿਸ ਵਾਤਾਵਰਣ ਪ੍ਰੇਮੀ ਨੇ ਭਾਰਤ ਦੀ ਸੁਪਰੀਮ ਕੋਰਟ ਵਿਚ ਕੇਸ ਦਾਇਰ ਕੀਤਾ ?

(A) ਬਾਬਾ ਆਮਟੇ
(B) ਐਸ.ਸੀ. ਮਹਿਤਾ
(C) ਐਸ.ਐਲ. ਬਹੁਗੁਣਾ
(D) ਉਪਰੋਕਤ ਵਿਚੋਂ ਕੋਈ ਨਹੀਂ

124. ਹੇਠ ਲਿਖਿਆਂ ਵਿੱਚੋਂ ਕਿਹੜਾ ਹਵਾ ਪ੍ਰਦੂਸ਼ਣ ਲਈ ਪ੍ਰਬੰਧਨ ਵਿਕਲਪ ਹੈ ?

(A) ਰੁੱਖ ਲਗਾਉਣਾ
(B) ਆਵਾਜਾਈ ਦੀ ਯੋਜਨਾਬੰਦੀ
(C) ਸੀ.ਐਨ.ਜੀ. ਦੀ ਬਾਲਣ ਵਜੋਂ ਵਰਤੋਂ
(D) ਉਪਰੋਕਤ ਸਾਰੇ

125. ਵਿਸ਼ਵ-ਵਾਤਾਵਰਣ ਦਿਵਸ ਕਦੋਂ ਮਨਾਇਆ ਜਾਂਦਾ ਹੈ ?

(A) 5 ਮਈ (B) 5 ਜੂਨ (C) 5 ਜੁਲਾਈ (D) 5 ਅਗਸਤ

126. ਮਿੱਟੀ ਦਾ ਕਟਾਅ ਮਿੱਟੀ ਦੀ ਉੱਪਰਲੀ ਪਰਤ ਨੂੰ ਹਟਾ ਦਿੰਦਾ ਹੈ ਜਿਸ ਵਿੱਚ _____ ਹੁੰਦਾ ਹੈ ।

(A) ਜੈਵਿਕ ਪਦਾਰਥ
(B) ਪੌਦਿਆਂ ਦੇ ਪੋਸ਼ਕ ਤੱਤ
(C) (A) ਅਤੇ (B) ਦੋਵੇਂ
(D) ਉਪਰੋਕਤ ਵਿਚੋਂ ਕੋਈ ਨਹੀਂ

127. ਵਾਯੂਮੰਡਲ ਦੀ ਕਿਹੜੀ ਪਰਤ ਵਿਚ ਪਰਾਵੈਂਗਣੀ ਕਿਰਣਾਂ (Ultra-violet rays) ਨੂੰ ਸੋਖਣ ਵਾਲੀ ਓਜ਼ੋਨ ਪਰਤ ਪਾਈ ਜਾਂਦੀ ਹੈ ?

(A) ਅਸ਼ਾਂਤੀ ਮੰਡਲ (Troposphere)
(B) ਮੱਧਵਰਤੀ ਮੰਡਲ (Mesosphere)
(C) ਸਮਤਾਪਮੰਡਲ (Stratosphere)
(D) ਉਪਰੋਕਤ ਵਿਚੋ ਕੋਈ ਨਹੀਂ

128. _____ ਵਾਤਾਵਰਣ ਅਧਿਐਨ ਵਿਚ ਸ਼ਾਮਿਲ ਹੈ ।

(A) ਭੋਜਨ ਲੜੀ
(B) ਜਲ ਚੱਕਰ
(C) ਧਰਤੀ ਤੇ ਜੀਵਨ
(D) ਉਪਰੋਕਤ ਸਾਰੇ

houseofaspirants.in

HOUSE OF ASPIRANTS
houseofaspirants.in

129. ਹੇਠ ਲਿਖਿਆਂ ਵਿੱਚੋਂ ਵਾਤਾਵਰਣ ਸਿੱਖਿਆ (ਈ.ਵੀ.ਐਸ.) ਗਤੀਵਿਧੀਆਂ ਨੂੰ ਤਰਕਪੂਰਣ ਕ੍ਰਮ ਵਿਚ ਆਯੋਜਿਤ ਕਰਨ ਦੇ ਚਾਰ ਪੜਾਅ ਦਿੰਦਾ ਹੈ :

(A) ਕਾਰਗੁਜ਼ਾਰੀ ਦਾ ਮੁਲਾਂਕਣ ਕਰਨਾ – ਯੋਜਨਾਬੰਦੀ – ਪ੍ਰਕਿਰਿਆ ਨੂੰ ਪ੍ਰਤੀਬਿੰਬਤ ਕਰਨਾ – ਗਤੀਵਿਧੀ ਦਾ ਸੰਚਾਲਨ ਕਰਨਾ

(B) ਯੋਜਨਾਬੰਦੀ – ਕਾਰਗੁਜ਼ਾਰੀ ਦਾ ਮੁਲਾਂਕਣ ਕਰਨਾ – ਪ੍ਰਕਿਰਿਆ ਨੂੰ ਪ੍ਰਤੀਬਿੰਬਤ ਕਰਨਾ – ਗਤੀਵਿਧੀ ਦਾ ਸੰਚਾਲਨ ਕਰਨਾ

(C) ਯੋਜਨਾਬੰਦੀ – ਗਤੀਵਿਧੀ ਦਾ ਸੰਚਾਲਨ ਕਰਨਾ – ਕਾਰਗੁਜ਼ਾਰੀ ਦਾ ਮੁਲਾਂਕਣ ਕਰਨਾ – ਪ੍ਰਕਿਰਿਆ ਨੂੰ ਪ੍ਰਤੀਬਿੰਬਤ ਕਰਨਾ

(D) ਯੋਜਨਾਬੰਦੀ – ਪ੍ਰਕਿਰਿਆ ਨੂੰ ਪ੍ਰਤੀਬਿੰਬਤ ਕਰਨਾ – ਗਤੀਵਿਧੀ ਦਾ ਸੰਚਾਲਨ ਕਰਨਾ – ਕਾਰਗੁਜ਼ਾਰੀ ਦਾ ਮੁਲਾਂਕਣ ਕਰਨਾ

130. ਨਿਰੰਤਰ ਅਤੇ ਵਿਆਪਕ ਮੁਲਾਂਕਣ (ਸੀ.ਸੀ.ਈ.) ਸਕੂਲ ਆਧਾਰਿਤ ਮੁਲਾਂਕਣ ਪ੍ਰਣਾਲੀ ਹੈ ਜਿਸ ਵਿਚ _____ ਪੱਧਰ ਦੇ ਵਿਦਿਆਰਥੀਆਂ ਦੀ ਪ੍ਰਗਤੀ ਦੇ ਸੰਕਲਨ ਦੀ ਲੋੜ ਨਹੀਂ ਹੁੰਦੀ ਹੈ ।

(A) ਕਲਸਟਰ (B) ਬਲਾਕ (C) ਜਿਲਾ (D) ਉਪਰੋਕਤ ਸਾਰੇ

131. ਪੰਜਾਬ ਵਿਚ _____ ਵਿਖੇ ਬੋਧੀ-ਸਤੂਪਾ ਦੀ ਖੋਜ ਕੀਤੀ ਗਈ ।

(A) ਖਮਾਣੋਂ ਅਤੇ ਸੰਘੋਲ (B) ਖਮਾਣੋਂ ਅਤੇ ਬਟਾਲਾ
(C) ਸੰਘੋਲ ਅਤੇ ਅਬੋਹਰ (D) ਖਮਾਣੋਂ ਅਤੇ ਰਾਏਕੋਟ

132. ਮੁੰਡਾ ਕਬੀਲਾ ਮੁੱਖ ਤੌਰ ਤੇ ਕਿਸ ਰਾਜ ਵਿਚ ਪਾਇਆ ਜਾਂਦਾ ਹੈ ?

(A) ਝਾਰਖੰਡ (B) ਤਾਮਿਲਨਾਡੂ
(C) ਰਾਜਸਥਾਨ (D) ਪੰਜਾਬ

133. ''ਹਰੇਕ ਬੱਚੇ ਲਈ ਇੱਕ ਰੁੱਖ'' ਪ੍ਰੋਗਰਾਮ _____ ਵਿਚ ਸ਼ੁਰੂ ਕੀਤਾ ਗਿਆ ਸੀ ।

(A) ਦੂਜੀ ਪੰਜ ਸਾਲਾ ਯੋਜਨਾ (B) ਚੌਥੀ ਪੰਜ ਸਾਲਾ ਯੋਜਨਾ
(C) ਛੇਵੀਂ ਪੰਜ ਸਾਲਾ ਯੋਜਨਾ (D) ਅੱਠਵੀਂ ਪੰਜ ਸਾਲਾ ਯੋਜਨਾ

134. ਵਾਤਾਵਰਣ ਸਿੱਖਿਆ ਦੀ ਅਧਿਆਪਨ-ਸਿਖਲਾਈ ਪ੍ਰਕਿਰਿਆ ਵਿਚ ਹੇਠ ਲਿਖਿਆ ਵਿਚੋਂ ਕਿਹੜਾ ਕਥਨ **ਗਲਤ** ਹੈ ?

(A) ਜਮਾਤ ਵਿੱਚ ਵਿਚਾਰਾਂ ਦੇ ਅਦਾਨ-ਪ੍ਰਦਾਨ ਕਰਨ ਦੀਆਂ ਗਤੀਵਿਧੀਆਂ ਪਰਸਪਰ ਰੂਪ ਵਿੱਚ ਪ੍ਰਭਾਵਸ਼ਾਲੀ ਹੁੰਦੀਆਂ ਹਨ ।

(B) ਅਧਿਆਪਕ ਦੁਆਰਾ ਵਿਦਿਆਰਥੀਆਂ ਨੂੰ ਸ਼ਕਤੀਸ਼ਾਲੀ ਬਣਾਇਆ ਜਾਂਦਾ ਹੈ ।

(C) ਅਧਿਆਪਕ ਦੀ ਭੂਮਿਕਾ ਤਾਨਾਸ਼ਾਹੀ (autocratic) ਵਾਲੀ ਹੁੰਦੀ ਹੈ ।

(D) ਜਮਾਤ ਵਿਚ ਵਿਚਾਰ-ਵਟਾਂਦਰਾ ਜਾਂਚ ਆਧਾਰਿਤ ਸਿੱਖਣ ਦਾ ਵਿਕਾਸ ਕਰਦੀ ਹੈ ।

houseofaspirants.in

HOUSE OF ASPIRANTS
houseofaspirants.in

135. ਹੇਠ ਲਿਖੀਆਂ ਖੇਡਾਂ ਵਿਚੋਂ ਕਿਹੜੀ ਖੇਡ ਬਾਕੀ ਖੇਡਾਂ ਤੋਂ ਭਿੰਨ ਹੈ ?

(A) ਸ਼ਤਰੰਜ (B) ਕਬੱਡੀ (C) ਖੋ-ਖੋ (D) ਹਾਕੀ

136. ਭਾਰਤ _____ ਪੰਛੀ ਦਾ ਮੂਲ ਨਿਵਾਸ ਸਥਾਨ ***ਨਹੀਂ*** ਹੈ ।

(A) ਚਿੜੀ (B) ਤੋਤਾ (C) ਪੈਂਗਵਿਨ (D) ਮੋਰ

137. ਪੰਜਾਬ ਦੇ ਕਿਲ੍ਹਾ ਰਾਏਪੁਰ ਵਿਚ _____ ਤੋਂ ਪੇਂਡੂ ਓਲੰਪਕ ਖੇਡਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ ।

(A) 1963 (B) 1953 (C) 1943 (D) 1933

138. ਹੇਠ ਲਿਖੀਆਂ ਫਸਲਾਂ ਵਿਚੋਂ ਕਿਹੜੀ ਜੜ੍ਹ ***ਨਹੀਂ*** ਹੈ ?

(A) ਆਲੂ (B) ਗਾਜਰ (C) ਮੂਲੀ (D) ਸ਼ਲਗਮ

139. 1957 ਵਿਚ ਰੂਸ਼ੀ ਪੁਲਾੜ ਯਾਨ ਰਾਹੀਂ ਪੁਲਾੜ ਵਿਚ ਜਾਣ ਵਾਲਾ ਜਾਨਵਰ ਕਿਹੜਾ ਸੀ ?

(A) ਕੁੱਤਾ (B) ਬਾਂਦਰ
(C) ਖਰਗੋਸ਼ (D) ਉਪਰੋਕਤ ਵਿਚੋਂ ਕੋਈ ਨਹੀਂ

140. ਪੰਜਾਬ ਦੀ ਪਹਿਲੀ ਮਹਿਲਾ ਪਾਇਲਟ ਇੰਨਸਟ੍ਰਕਟਰ ਕੌਣ ਹੈ ?

(A) ਮਨਦੀਪ ਕੌਰ (B) ਹਰਮਨਦੀਪ ਕੌਰ
(C) ਸੁਖਦੀਪ ਕੌਰ (D) ਏਕਮਜੋਤ ਕੌਰ

141. _____ ਵਾਤਾਵਰਣ ਅਧਿਐਨ ਦਾ ਉਹ ਹਿੱਸਾ ਹੈ ਜਿਸ ਵਿਚ ਅਸੀਂ ਜੀਵਾਂ, ਪੌਦਿਆਂ ਅਤੇ ਜਾਨਵਰਾਂ ਅਤੇ ਉਹਨਾਂ ਦੇ ਸੰਬੰਧ ਜਾਂ ਦੂਜੇ ਜੀਵਤ ਅਤੇ ਨਿਰਜੀਵ ਵਾਤਾਵਰਣ ਦੀ ਆਪਸੀ ਨਿਰਭਰਤਾ ਬਾਰੇ ਅਧਿਐਨ ਕਰਦੇ ਹਾਂ ।

(A) ਜੀਵ ਵਿਗਿਆਨ (B) ਪਸ਼ੂ ਵਿਗਿਆਨ
(C) ਵਾਤਾਵਰਣ ਵਿਗਿਆਨ (D) ਰੋਗ ਵਿਗਿਆਨ

142. ਸਮੁੱਚੀ ਸਿੱਖਿਆ ਦਾ ਉਦੇਸ਼ ਵਿਦਿਆਰਥੀ ਦੇ _____ ਵਿਕਾਸ ਹੈ ।

(A) ਅਕਾਦਮਿਕ (B) ਭਾਵਨਾਤਮਕ
(C) ਹੁਨਰ (D) ਸੰਪੂਰਨ ਵਿਕਾਸ

143. ਲੁਈਸ ਬ੍ਰੇਲ _____ ਦੀ ਖੋਜ ਲਈ ਜਾਣੇ ਜਾਂਦੇ ਹਨ ।

(A) ਸੁਨਣ ਦੀ ਅਪੰਗਤਾ ਵਾਸਤੇ ਸੰਕੇਤਕ ਭਾਸ਼ਾ
(B) ਨੇਤਰਹੀਣਾਂ ਲਈ ਲਿੱਪੀ
(C) ਟੈਲੀਫ਼ੋਨ
(D) ਉਪਰੋਕਤ ਵਿਚੋਂ ਕੋਈ ਨਹੀਂ

houseofaspirants.in

HOUSE OF ASPIRANTS
houseofaspirants.in

144. ਇਬਨ-ਬਤੂਤਾ, ਇੱਕ ਯਾਤਰੀ ਜੋ ਭਾਰਤ ਆਇਆ ਸੀ _____ ਦਾ ਰਹਿਣ ਵਾਲਾ ਸੀ ।

(A) ਅਫਗਾਨਿਸਤਾਨ
(B) ਨੇਪਾਲ
(C) ਮੋਰੱਕੋ
(D) ਮੰਗੋਲੀਆ

145. _____ ਦੇ ਅਨੁਸਾਰ "ਕੁਦਰਤੀ ਵਾਤਾਵਰਣ ਦੀ ਸੁੱਰਖਿਆ ਅਤੇ ਸੁਧਾਰ ਕਰਨਾ ਭਾਰਤ ਦੇ ਹਰੇਕ ਨਾਗਰਿਕ ਦਾ ਫਰਜ਼ ਹੋਵੇਗਾ ਜਿਸ ਵਿੱਚ ਝੀਲਾਂ, ਨਦੀਆਂ, ਜੰਗਲ ਅਤੇ ਜੰਗਲੀ ਜੀਵ ਸ਼ਾਮਿਲ ਹਨ ।"

(A) ਆਰਟੀਕਲ 47
(B) ਆਰਟੀਕਲ 21
(C) ਆਰਟੀਕਲ 15
(D) ਆਰਟੀਕਲ 51A(g)

146. ਵਨ-ਮਹੋਤਸਵ ਦੇ ਪਿਤਾ ਵੱਜੋ ਕਿਸ ਨੂੰ ਜਾਣਿਆ ਜਾਂਦਾ ਹੈ ?

(A) ਕੇ.ਐਮ. ਮੁਨਸ਼ੀ
(B) ਐਸ.ਐਲ. ਬਹੁਗੁਣਾ
(C) ਮੇਧਾ ਪਾਟਕਰ
(D) ਉਪਰੋਕਤ ਵਿੱਚੋਂ ਕੋਈ ਨਹੀਂ

147. ਹੇਠ ਲਿਖਿਆਂ ਵਿਚੋਂ ਕਿਹੜਾ ਪਾਣੀ ਦਾ ਕੁਦਰਤੀ ਸੋਮਾ ***ਨਹੀਂ*** ਹੈ ?

(A) ਝੀਲਾਂ
(B) ਨਹਿਰਾਂ
(C) ਨਦੀਆਂ
(D) ਉਪਰੋਕਤ ਸਾਰੇ

148. ਵਾਤਾਵਰਣ ਸਿੱਖਿਆ (ਈ.ਵੀ.ਐਸ.) ਪੜ੍ਹਾਉਣ ਦਾ ਢੰਗ ਕਿਹੜਾ ਹੈ ?

(A) ਸਰਵੇਖਣ ਵਿਧੀ
(B) ਪ੍ਰੋਜੈਕਟ ਵਿਧੀ
(C) ਚਰਚਾ ਵਿਧੀ
(D) ਉਪਰੋਕਤ ਸਾਰੇ

149. ਪ੍ਰਾਇਮਰੀ ਪੱਧਰ ਤੇ ਵਾਤਾਵਰਣ ਸਿੱਖਿਆ (ਈ.ਵੀ.ਐਸ.) ਪੜ੍ਹਾਉਣ ਦਾ ਕੀ ਉਦੇਸ਼ ਹੈ ?

(A) ਵਿਦਿਆਰਥੀਆਂ ਨੂੰ ਤਕਨੀਕੀ ਧਾਰਨਾਵਾਂ ਅਤੇ ਪਰਿਭਾਸ਼ਾਵਾਂ ਸਿਖਾਉਣਾ
(B) ਵਿਦਿਆਰਥੀਆਂ ਨੂੰ ਉਹਨਾਂ ਪੁਸਤਕਾਂ ਬਾਰੇ ਦੱਸਣਾ ਜਿਨ੍ਹਾਂ ਨੂੰ ਪੜ ਕੇ ਉਹਨਾਂ ਦੇ ਗਿਆਨ ਵਿਚ ਵਾਧਾ ਹੋ ਸਕਦਾ ਹੈ
(C) ਵਿਦਿਆਰਥੀਆਂ ਦੇ ਸਕੂਲੀ ਤਜ਼ਰਬਿਆਂ ਨੂੰ ਬਾਹਰੀ ਦੁਨੀਆਂ ਨਾਲ ਜੋੜਨਾ
(D) ਉਪਰੋਕਤ ਵਿਚੋਂ ਕੋਈ ਨਹੀਂ

150. ਹੇਠ ਲਿਖਿਆਂ ਵਿੱਚੋਂ ਕਿਹੜਾ ਰੁੱਖ ਭਾਰਤ ਦਾ ਮੂਲ ਰੁੱਖ ***ਨਹੀਂ*** ਹੈ ?

(A) ਨਿੰਮ
(B) ਬੋਹੜ
(C) ਗੁਲਮੋਹਰ
(D) ਸਫੈਦਾ

houseofaspirants.in